it with WPS Office

BCM SCHOOL BASANT AVENUE  DUGRI  LUDHIANA

Class -IV

PUNJABI - ASSIGNMENT

1.ਅਣਡਿੱਠਾ ਪੈਰਾ --

ਜੇਕਰ ਤੁਸੀਂ ਕਿਸੇ ਚੌਂਕ ਵਿੱਚੋਂ ਲੰਘ ਰਹੇ ਹੋ ਤਾਂ ਚੌਂਕ ਵਿੱਚ ਲੱਗੀਆਂ ਬੱਤੀਆਂ ਦੀ ਪਾਲਣਾ ਜ਼ਰੂਰ ਕਰੋ। ਲਾਲ ਬੱਤੀ ਦਾ ਅਰਥ ਹੈ ਰੁਕ ਜਾਓ ਅਤੇ ਆਪਣੀ ਵਾਰੀ ਦਾ ਇੰਤਜ਼ਾਰ ਕਰੋ। ਪੀਲੀ ਬੱਤੀ ਤੁਹਾਨੂੰ ਤਿਆਰ ਰਹਿਣ ਲਈ ਕਹਿੰਦੀ ਹੈ ਅਤੇ ਹਰੀ ਬੱਤੀ ਤੁਰ ਪੈਣ ਦਾ ਇਸ਼ਾਰਾ ਦਿੰਦੀ ਹੈ।ਪੈਦਲ ਜਾ ਰਹੇ ਲੋਕਾਂ ਨੂੰ ਇੱਥੇ ਵੀ ਧਿਆਨ ਰੱਖਣ ਦੀ ਲੋੜ ਹੈ ਕਿ ਉਹ ਹਮੇਸ਼ਾ ਲੰਘ ਰਹੀਆਂ ਗੱਡੀਆਂ ਦੇ ਬਿਲਕੁਲ ਖੱਬੇ ਪਾਸੇ ਤੋਂ ਲੰਘਣ ਜਿੱਥੇ ਤੁਰਨ ਵਾਲੇ ਲੋਕਾਂ ਲਈ ਜਗ੍ਹਾ ਰਹਿੰਦੀ ਹੈ।

ਉਪਰੋਕਤ ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ -

1.ਪ੍ਰਸ਼ਨ - ਬੱਤੀਆਂ ਕਿੱਥੇ ਲੱਗੀਆਂ ਹੁੰਦੀਆਂ ਹਨ ?

ੳ)ਗਲੀ ਵਿੱਚ ਅ) ਪੁਲ ਉੱਤੇ ੲ) ਚੌਂਕ ਵਿੱਚ (✓)

2.ਪ੍ਰਸ਼ਨ - ਕਿਹੜੀ ਬੱਤੀ ਤੇ ਆਪਣੀ ਵਾਰੀ ਦਾ ਇੰਤਜ਼ਾਰ ਕਰਨਾ ਹੁੰਦਾ ਹੈ ?

ੳ)ਪੀਲੀ ਬੱਤੀ ਅ) ਲਾਲ ਬੱਤੀ (✓) ੲ) ਹਰੀ ਬੱਤੀ

3.ਪ੍ਰਸ਼ਨ - ਪੈਦਲ ਤੁਰਨ ਵਾਲੇ ਲੋਕਾਂ ਲਈ ਸੜ੍ਹਕਾਂ ' ਤੇ ਕਿਹੜੀ ਜਗ੍ਹਾ ਹੁੰਦੀ ਹੈ ?

ੳ) ਖੱਬੇ ਪਾਸੇ (✓) ਅ) ਸੱਜੇ ਪਾਸੇ ੲ) ਵਿਚਕਾਰ

2.ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ -

ੳ) ਡਾਂਟ - ਝਿੜਕ ਅ) ਇਮਤਿਹਾਨ - ਪਰੀਖਿਆ

3.ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ -

ੳ) ਜਾਦੂ - ਜਾਦੂਗਰ ਨੇ ਜਾਦੂ ਦਿਖਾਇਆ । ਅ) ਸਕੂਲ - ਮੇਰਾ ਸਕੂਲ ਬਹੁਤ ਵੱਡਾ ਹੈ।

4.ਖਾਲੀ ਥਾਂ ਭਰੋ - ੳ) ਕਰਮੂ ਨੂੰ ਮਿਹਨਤ ਦੀ ਲੋੜ ਸੀ।

5.ਛੋਟੇ ਪ੍ਰਸ਼ਨ ਉੱਤਰ:-

ੳ) ਕਰਮੂ ਦੀ ਅਧਿਆਪਕਾ ਨੇ ਕਿਸ ਨੂੰ ਸਕੂਲ ਬੁਲਾਇਆ ?

ਉੱਤਰ - ਕਰਮੂ ਦੀ ਮਾਂ ਨੂੰ

ਅ) ਕਰਮੂ ਦੀ ਉਮਰ ਕਿੰਨੀ ਸੀ ?

ਉੱਤਰ - ਦਸ ਸਾਲ ਦੀ

6.ਵੱਡੇ ਪ੍ਰਸ਼ਨ ਉੱਤਰ:-

ੳ) ਕਰਮੂ ਦੀ ਮਾਂ ਨੂੰ ਉਸ ਦੀ ਅਧਿਆਪਕਾ ਨੇ ਕਰਮੂ ਬਾਰੇ ਕੀ ਕਿਹਾ ?

it with WPS Office

ਉੱਤਰ - ਅਧਿਆਪਕਾ ਜੀ ਨੇ ਕਰਮੂ ਦੀ ਮਾਂ ਨੂੰ ਕਿਹਾ ਕਿ ਕਰਮੂ ਪੜ੍ਹਾਈ ਵਿੱਚ ਕਮਜ਼ੋਰ ਹੈ। ਉਸਨੂੰ ਮਿਹਨਤ ਕਰਨ ਦੀ ਲੋੜ ਹੈ ਨਹੀਂ ਤਾਂ ਉਹ ਸਲਾਨਾ ਪਰੀਖਿਆ ਵਿੱਚੋਂ ਫੇਲ੍ਹ ਹੋ ਜਾਵੇਗਾ।

7.ਬਹੁਵਿਕਲਪੀ ਪ੍ਰਸ਼ਨ -

1) ਸ੍ਰੀ ਗੁਰੂ ਤੇਗ ਬਹਾਦਰ ਜੀ __________ ਗੁਰੂ ਹਨ।

ੳ) ਦੂਜੇ ਅ) ਨੌਵੇਂ (✓) ੲ) ਪੰਜਵੇਂ

2.'ਗੁਰੂ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ -

ੳ) ਚੇਲਾ (✓) ਅ) ਸ਼ਰਧਾਲੂ ੲ) ਪਰਮਾਤਮਾ

3.ਉਹ ਸਾਡੇ ਖੇਤ ਹਨ। ਇਹ ਵਾਕ ਪੜਨਾਂਵ ਦੀ ਕਿਹੜੀ ਕਿਸਮ ਹੈ ?

ੳ) ਅਨਿਸਚੇਵਾਚਕ ਪੜਨਾਂਵ ਅ) ਨਿਸ਼ਚੇ ਵਾਚਕ ਪੜਨਾਂਵ (✓) ੲ) ਪੁਰਖ ਵਾਚਕ ਪੜਨਾਂਵ

4.ਅੰਕ 53 ਦਾ ਸਹੀ ਗਿਣਤੀ ਸ਼ਬਦ ਚੁਣੋ -

ੳ) ਇਕਵੰਜਾ ਅ) ਸਤਵੰਜਾ ੲ) ਤਰਵੰਜਾ (✓)

5.ਭਾਰਤ ਵਿੱਚ ਰਹਿਣ ਵਾਲੇ ਨੂੰ _________ ਕਹਿੰਦੇ ਹਨ।

ੳ) ਦੇਸ਼ - ਭਗਤ ਅ) ਭਾਰਤੀ (✓) ੲ) ਪੰਜਾਬੀ

8.ਮੁੱਲ ਪੁਰਖ ਪ੍ਰਸ਼ਨ - ' ਮਿਹਨਤ ਸਫਲਤਾ ਦੀ ਕੁੰਜੀ ' ਵਿਸ਼ੇ ਉੱਪਰ ਕੁਝ ਵਾਕ ਲਿਖੋ।

ਉੱਤਰ - ਵਿਦਿਆਰਥੀ ਆਪਣੇ ਸ਼ਬਦਾਂ ਵਿੱਚ ਲਿਖਣਗੇ।

9.ਕਥਨ/ਕਾਰਨ --

ਕਥਨ - ਕਰਮੂ ਸਲਾਨਾ ਪਰੀਖਿਆ ਵਿੱਚੋਂ ਫੇਲ੍ਹ ਹੋ ਗਿਆ ਸੀ।

ਕਾਰਨ - ਕਿਉਂਕਿ ਉਹ ਲਿਖ ਕੇ ਯਾਦ ਨਹੀਂ ਸੀ ਕਰਦਾ।

ੳ) ਕਥਨ ਤੇ ਕਾਰਨ ਦੋਵੇਂ ਸਹੀ ਹਨ। (✓)

ਅ) ਕਥਨ ਸਹੀ ਹੈ ਪਰ ਕਾਰਨ ਗਲਤ ਹੈ।

ੲ) ਕਥਨ ਤੇ ਕਾਰਨ ਦੋਵੇਂ ਹੀ ਗਲਤ ਹਨ।